# ਦਫਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.), ਅੰਮ੍ਰਿਤਸਰ

ਵੱਲ:

ਪ੍ਰਿੰਸੀਪਲ/ਸਕੂਲ ਮੁੱਖੀ,
ਈ-ਪੰਜਾਬ ਪੋਰਟਲ ਨੋਡਲ ਇੰਚਾਰਜ,
ਸਸਸਸ/ਸਹਸ/ਸਮਿਸ ਸਕੂਲ,
ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ. 903 ਮਿਤੀ: 11/08/2017

ਵਿਸ਼ਾ: ਈ-ਪੰਜਾਬ ਪੋਰਟਲ 'ਤੇ ਵਿਦਿਆਰਥੀਆਂ, ਸਟਾਫ ਅਤੇ ਬੁਨਿਆਦੀ ਢਾਂਚੇ ਦੇ ਡਾਟਾ ਨੂੰ ਅਪਡੇਟ ਕਰਨ ਅਤੇ ਮਹੀਨਾਵਾਰ ਈ-ਸਰਟੀਫਿਕੇਟ ਜਮ੍ਹਾਂ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਇਸ ਦਫਤਰ ਵੱਲੋਂ ਸਮੇਂ-ਸਮੇਂ ਤੇ ਪੱਤਰ ਜਾਰੀ ਕਰਕੇ ਈ-ਪੰਜਾਬ ਪੋਰਟਲ 'ਤੇ ਵਿਦਿਆਰਥੀਆਂ, ਸਟਾਫ ਅਤੇ ਬੁਨਿਆਦੀ ਢਾਂਚੇ ਆਦਿ ਨਾਲ ਸਬੰਧਤ ਡਾਟਾ ਨੂੰ ਅਪਡੇਟ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ।ਇਸ ਪੱਤਰ ਰਾਹੀਂ ਮੁੜ ਤੋਂ ਆਪ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਮੁੱਖ ਦਫਤਰ ਵੱਲੋਂ ਸਖਤ ਤਾੜਨਾ ਕੀਤੀ ਗਈ ਹੈ ਕਿ ਵਿਭਾਗ ਅਤੇ ਸਰਕਾਰ ਵੱਲੋਂ ਈ-ਪੰਜਾਬ ਪੋਰਟਲ 'ਤੇ ਅਪਡੇਟ ਅੰਕੜਿਆਂ ਨੂੰ ਹੀ ਸਹੀ ਮੰਨਿਆ ਜਾਵੇਗਾ ਅਤੇ ਇਨ੍ਹਾਂ ਅੰਕੜਿਆਂ ਨੂੰ ਹੀ ਵਰਤਿਆ ਜਾਵੇਗਾ।

ਇਸ ਪੱਤਰ ਰਾਹੀਂ ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਸਕੂਲ ਦੇ ਮੌਜੂਦਾ ਵਿਦਿਆਰਥੀਆਂ, ਸਟਾਫ, ਬੁਨਿਆਦੀ ਢਾਂਚੇ ਅਤੇ ਸੈਂਕਸ਼ਨਡ ਪੋਸਟਾਂ ਆਦਿ ਨਾਲ ਸਬੰਧਤ ਰਿਕਾਰਡ ਦਾ ਮਿਲਾਨ ਪੋਰਟਲ ਉੱਤੇ ਦਰਜ ਡਾਟਾ ਨਾਲ ਕਰ ਲਿਆ ਜਾਵੇ।ਸਮੂਹ ਸਕੂਲ ਮੁੱਖੀਆਂ ਵੱਲੋਂ ਆਪਣੇ ਪੱਧਰ 'ਤੇ ਪੋਰਟਲ ਉੱਤੇ ਦਰਜ ਅੰਕੜਿਆਂ ਨੂੰ ਚੈਕ ਕੀਤਾ ਜਾਵੇ ਅਤੇ ਈ-ਪੰਜਾਬ ਪੋਰਟਲ 'ਤੇ ਡਾਟਾ ਹਰ ਪੱਖ ਤੋਂ ਮੁਕੰਮਲ ਕਰਕੇ **ਮਿਤੀ: 16-08-2017** ਤੱਕ ਅਪਰੂਵ ਕਰ ਦਿੱਤਾ ਜਾਵੇ ਅਤੇ ਮਿਤੀ: 17-08-2017 ਤੱਕ ਪੋਰਟਲ ਉੱਤੇ ਈ-ਸਰਟੀਫਿਕੇਟ ਜਮ੍ਹਾਂ ਕਰਵਾਇਆ ਜਾਵੇ।

ਇਸ ਦੇ ਨਾਲ ਹੀ ਸਮੂਹ ਨੋਡਲ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮੁੱਖ ਦਫਤਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਆਪਣੇ ਨਾਲ ਅਟੈਚ ਸਕੂਲਾਂ ਦਾ ਡਾਟਾ ਵੀ ਈ-ਪੰਜਾਬ ਪੋਰਟਲ 'ਤੇ ਮਿਤੀ: 16-08-2017 ਤੱਕ ਅਪਡੇਟ ਕਰਵਾਇਆ ਜਾਵੇ ਅਤੇ ਪੋਰਟਲ ਉੱਤੇ ਦਰਜ ਸੂਚਨਾ ਨੂੰ ਚੈਕ ਕਰਵਾ ਕੇ ਇਸ ਸਬੰਧੀ ਮਿਤੀ: 17-08-2017 ਤੱਕ ਈ-ਸਰਟੀਫਿਕੇਟ ਜਮ੍ਹਾਂ ਕਰਵਾਇਆ ਜਾਵੇ।

**ਉਪਰੋਕਤ ਹਦਾਇਤਾਂ ਦੀ ਪਾਲਣਾ ਨਾ ਕਰਨ ਜਾਂ ਅੰਕੜੇ ਗਲਤ ਪਾਏ ਜਾਣ ਦੀ ਸੂਰਤ ਵਿੱਚ ਜੇਕਰ ਵਿਭਾਗ ਵੱਲੋਂ ਕਿਸੇ ਸਕੂਲ ਖਿਲਾਫ ਕੋਈ ਕਾਰਵਾਈ ਕੀਤੀ ਜਾਂਦੀ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ/ਨੋਡਲ ਸਕੂਲ ਮੁੱਖੀ ਦੀ ਹੋਵੇਗੀ।**

ਨੋਟ:

ਸਮੂਹ ਸਕੂਲ ਮੁੱਖੀਆਂ ਵੱਲੋਂ ਹਰ ਮਹੀਨੇ ਡਾਟਾ ਵੈਰੀਫਾਈ ਕਰਕੇ ਇਸ ਸਬੰਧੀ ਪੋਰਟਲ ਉੱਤੇ ਹੀ ਮਹੀਨਾਵਾਰ ਈ-ਸਰਟੀਫਿਕੇਟ (ਹਰ ਮਹੀਨੇ 10 ਤਾਰੀਖ ਤੱਕ) ਜਮ੍ਹਾਂ ਕਰਵਾਇਆ ਜਾਵੇਗਾ।

ਤਕਨੀਕੀ ਸਹਾਇਤਾ:

ਈ-ਪੰਜਾਬ ਪੋਰਟਲ ਲਈ ਕਿਸੇ ਵੀ ਕਿਸਮ ਦੀ ਤਕਨੀਕੀ ਸਹਾਇਤਾ ਲਈ ਈ-ਪੰਜਾਬ ਪੋਰਟਲ ਤੇ ਲਾਗਿਨ ਕਰਨ ਉਪਰੰਤ **Technical Support** ਲਿੰਕ 'ਤੇ ਜਾ ਕੇ ਸਬੰਧਤ ਬਲਾਕ ਐਮ.ਆਈ.ਐਸ. ਕੋਆਰਡੀਨੇਟਰ ਨਾਲ ਫੋਨ/ਈ-ਮੇਲ ਰਾਹੀਂ ਸੰਪਰਕ ਕੀਤਾ ਜਾਵੇ।ਕੋਈ ਮੁਸ਼ਕਿਲ ਆਉਣ ਤੇ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਨੱਥੀ: 1. ਮੁੱਖ ਦਫਤਰ ਵੱਲੋਂ ਡਾਟਾ ਅਪਡੇਸ਼ਨ ਸਬੰਧੀ ਜਾਰੀ ਪੱਤਰ ਦੀ ਕਾਪੀ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.)
ਅੰਮ੍ਰਿਤਸਰ

11/08/2017

ਪੱਤਰ ਨੰ. ਮਿਤੀ:

ਉਤਾਰਾ:

1. ਮਾਣਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਜੀ ਨੂੰ ਸੂਚਨਾ ਹਿਤ।
2. ਜਿਲ੍ਹਾ ਸਿੱਖਿਆ ਅਫਸਰ (ਐ.ਸਿੱ.), ਅੰਮ੍ਰਿਤਸਰ ਜੀ ਨੂੰ ਨੋਡਲ ਸਕੂਲਾਂ ਨਾਲ ਅਟੈਚ ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ ਸੂਚਿਤ ਕਰਨ ਹਿੱਤ।

ਸਹੀ

ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.)
ਅੰਮ੍ਰਿਤਸਰ

Scanned by CamScanner